# ਮੁੱਖ-ਬੰਧ

ਪੰਜਾਬ ਸਰਕਾਰ (ਸਿੱਖਿਆ ਵਿਭਾਗ) ਦੀਆਂ ਹਦਾਇਤਾਂ ਦੀ ਲੋਅ ਵਿੱਚ ਦਾਖਲਾ ਸਾਲ 2009-10 ਤੋਂ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਗਈ ਜਿਸ ਵਿੱਚ ਲਿਖਤੀ ਪ੍ਰੀਖਿਆ, ਪ੍ਰਯੋਗੀ ਪ੍ਰੀਖਿਆ ਅਤੇ ਸੀ. ਸੀ. ਈ. ਲਈ ਵੱਖੋ-ਵੱਖਰੇ ਅੰਕ ਨਿਰਧਾਰਿਤ ਕੀਤੇ ਗਏ ਸਨ।

ਅਕਾਦਮਿਕ ਸਾਲ 2009-10 ਤੋਂ ਸੀ.ਸੀ.ਈ. ਅਧੀਨ ਕੀਤੀ ਅੰਕ ਵੰਡ ਨੂੰ ਮੁੜ ਵਿਚਾਰਨ ਉਪਰੰਤ ਮੈਟ੍ਰਿਕ ਤੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆ ਵਿੱਚ ਸੀ. ਸੀ. ਈ. ਅੰਕ ਵੰਡ ਵਿੱਚ ਇਕਸਾਰਤਾ ਲਿਆਉਣ ਲਈ ਤਬਦੀਲੀ ਕੀਤੀ ਗਈ ਹੈ।

ਨਵੀ ਅੰਕ ਵੰਡ ਅਕਾਦਮਿਕ ਸਾਲ 2011-12 ਤੋਂ ਮੈਟ੍ਰਿਕੁਲੇਸ਼ਨ ਪੱਧਰ ਤੇ ਰਾਜ ਦੇ ਸਮੂਹ ਸਕੂਲਾਂ ਵਿੱਚ ਲਾਗੂ ਹੋਵੇਗੀ। ਇਸ ਅੰਕ ਵੰਡ ਅਨੁਸਾਰ ਸਿਲੇਬਸ ਖੇਤਰ ਵਿੱਚ ਗਸ਼ਤੀ ਕੀਤਾ ਜਾ ਰਿਹਾ ਹੈ।

ਸਮੈਸਟਰ ਪ੍ਰਣਾਲੀ ਨੂੰ ਸਾਰਥਕ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ ਕਿ ਹਰ ਨੁਕਤੇ ਸਬੰਧੀ ਸਪਸ਼ਟੀਕਰਨ ਦਿੱਤਾ ਜਾਵੇ । ਇਹ ਅਕਾਦਮਿਕ ਕਾਰਜ ਹੈ, ਇਸ ਲਈ ਹੋ ਸਕਦਾ ਹੈ ਕੋਈ ਨੁਕਤਾ ਵਿਚਾਰਨ ਤੋਂ ਰਹਿ ਗਿਆ ਹੋਵੇ ਇਸ ਲਈ ਜੇਕਰ ਕਿਸੇ ਕਿਸਮ ਦੀ ਸੋਧ ਦੀ ਲੋੜ ਮਹਿਸੂਸ ਹੋਵੇ ਤਾਂ ਉਸ ਸਬੰਧੀ ਡਾਇਰੈਕਟਰ ਅਕਾਦਮਿਕ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੁਝਾਅ ਭੇਜ ਦਿੱਤਾ ਜਾਵੇ ਜਾਂ ਸੰਪਰਕ ਵੀ ਕੀਤਾ ਜਾ ਸਕਦਾ ਹੈ। ਇਸ ਸਬੰਧੀ ਖੇਤਰ ਵਿਚੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵਲੋਂ ਸਤਿਕਾਰ ਕੀਤਾ ਜਾਵੇਗਾ।

2011-12 ਤੋਂ ਲਾਗੂ ਮੈਟ੍ਰਿਕੁਲੇਸ਼ਣ ਪੱਧਰ 'ਤੇ ਸਮੈਸਟਰ ਪ੍ਰਣਾਲੀ ਸਬੰਧੀ ਫੈਸਲੇ, ਅੰਕ ਵੰਡ, ਪਾਠਕ੍ਰਮ ਅਤੇ ਪ੍ਰਸ਼ਨ ਪੱਤਰਾਂ ਦੀ ਰੂਪ ਰੇਖਾ ਨੂੰ ਬੋਰਡ ਦੀ Web Site ਤੋਂ ਵੀ Download ਕੀਤਾ ਜਾ ਸਕਦਾ ਹੈ।

ਡਿਪਟੀ ਡਾਇਰੈਕਟਰ (ਅਕਾਦਮਿਕ)